# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**<u>ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ</u>**

ਨੰ.1382 /ਸੀ.ਓ.ਈ.
ਮਿਤੀ 25.03.2022

## <u>ਜ਼ਰੂਰੀ ਸੂਚਨਾ</u>

ਡੀਨ, ਅਕਾਦਮਿਕ ਮਾਮਲੇ ਵਲੋਂ ਹੋਏ ਆਦੇਸ਼ਾਂ ਅਨੁਸਾਰ ਸੈਸ਼ਨ ਦਸੰਬਰ, 2021 ਪੀ.ਐਚ.ਡੀ. ਦੇ ਕੋਰਸ ਵਰਕ ਲਈ ਜੋ ਪੇਪਰ ਮਿਤੀ 06 ਅਪ੍ਰੈਲ, 2022 ਨੂੰ ਸ਼ੁਰੂ ਹੋ ਰਹੇ ਹਨ, ਉਹ ਹੇਠ ਲਿਖੇ ਅਨੁਸਾਰ ਹੋਣਗੇ:-

1. ਭਾਰਤ ਵਿੱਚ ਰਹਿ ਰਹੇ ਸਾਰੇ ਵਿਦਿਆਰਥੀਆਂ (ਭਾਰਤੀ/ਵਿਦੇਸ਼ੀ) ਦੇ ਪੇਪਰ ਆਫ਼ਲਾਈਨ ਮੋਡ ਰਾਹੀਂ ਹੋਣਗੇ।
2. ਭਾਰਤ ਤੋਂ ਬਾਹਰ ਰਹਿ ਰਹੇ ਵਿਦੇਸ਼ੀ ਵਿਦਿਆਰਥੀਆਂ ਦੇ ਪੇਪਰ ਪੁਰਾਣੀ ਤਹਿ ਕੀਤੀ ਹੋਈ ਆਨਲਾਈਨ ਵਿਧੀ ਰਾਹੀਂ ਹੋਣਗੇ।
3. ਦੋਨੋਂ ਤਰ੍ਹਾਂ ਦੀਆਂ ਵਿਧੀਆਂ ਲਈ ਡੇਟ-ਸ਼ੀਟ ਇੱਕੋ ਹੀ ਹੋਵੇਗੀ।
4. ਪੇਪਰ ਕੰਡਕਟ ਕਰਵਾਉਣ ਲਈ ਪ੍ਰਸ਼ਨ-ਪੱਤਰ ਸੈਂਟਰ ਮੁਖੀ/ਵਿਭਾਗ ਦੇ ਮੁਖੀ ਨੂੰ ਪੁਰਾਣੀ ਤਹਿ ਕੀਤੀ ਹੋਈ ਆਨਲਾਈਨ ਵਿਧੀ ਰਾਹੀਂ ਭੇਜੇਂ ਜਾਣਗੇ।
5. ਆਫ਼ਲਾਈਨ ਵਿਧੀ ਲਈ ਸੈਂਟਰ ਮੁਖੀ/ਵਿਭਾਗ ਦੇ ਮੁਖੀ ਉਨਾਂ ਪ੍ਰਸ਼ਨ-ਪੱਤਰਾਂ ਨੂੰ ਡਾਊਨਲੋਡ ਕਰਨ ਉਪਰੰਤ ਆਪਣੇ ਪੱਧਰ ਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਪ੍ਰਿੰਟ-ਆਊਟ ਲੈ ਕੇ ਪੇਪਰ ਕੰਡਕਟ ਕਰਵਾਉਣਗੇ।
6. ਆਨਲਾਈਨ ਵਿਧੀ ਵਾਸਤੇ ਵੀ same question paper ਪੁਰਾਣੀ ਤਹਿ ਕੀਤੀ ਹੋਈ ਆਨਲਾਈਨ ਵਿਧੀ ਰਾਹੀਂ ਭਾਰਤ ਤੋਂ ਬਾਹਰ ਬੈਠੇ ਵਿਦੇਸ਼ੀ ਵਿਦਿਆਰਥੀਆਂ ਨੂੰ ਪਹੁੰਚਾਉਣਗੇ। ਭਾਰਤ ਤੋਂ ਬਾਹਰ ਬੈਠੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਵੀ ਪੁਰਾਣੀ ਤਹਿ ਕੀਤੀ ਆਨਲਾਈਨ ਵਿਧੀ ਰਾਹੀਂ ਵਾਪਸ ਪ੍ਰਾਪਤ ਕੀਤੀਆਂ ਜਾਣਗੀਆਂ। ਜਿਸ ਉਪਰੰਤ ਉਨਾਂ ਦੀ evaluation ਅਤੇ ਅਵਾਰਡਾਂ ਸਬੰਧੀ ਕਾਰਵਾਈ ਪੁਰਾਣੀ ਚਲ ਰਹੀ ਪ੍ਰਕਿਰਿਆ ਅਨੁਸਾਰ ਕੀਤੀ ਜਾਵੇਗੀ।
7. ਇਸੇ ਤਰੀਕੇ ਨਾਲ ਆਫ਼ਲਾਈਨ ਮੋਡ ਵਾਲੇ ਪੇਪਰਾਂ ਦੀ evaluation ਅਤੇ ਅਵਾਰਡਾਂ ਤਿਆਰ ਕਰਵਾਉਣ ਦਾ ਕੰਮ ਸੈਂਟਰ ਮੁਖੀ/ਵਿਭਾਗ ਦੇ ਮੁਖੀ ਦਾ ਹੋਵੇਗਾ। ਸੈਂਟਰ ਮੁਖੀ/ਵਿਭਾਗ ਦੇ ਮੁਖੀ ਵਲੋਂ ਉਨਾਂ ਦੀ ਅਪਲੋਡਿੰਗ ਆਦਿ ਦਾ ਕੰਮ ਪੁਰਾਣੀ ਵਿਧੀ ਅਨੁਸਾਰ ਹੀ ਕੀਤਾ ਜਾਵੇਗਾ।
8. ਆਨਲਾਈਨ ਅਤੇ ਆਫ਼ਲਾਈਨ ਦੋਨੋਂ ਵਿਧੀਆਂ ਰਾਹੀਂ ਪੇਪਰ ਹੱਲ ਕਰਨ ਲਈ 03.00 ਘੰਟੇ ਦਾ ਸਮਾਂ ਹੀ ਹੋਵੇਗਾ। ਇਸ ਤੋਂ ਇਲਾਵਾ ਕੇਵਲ ਆਨਲਾਈਨ ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਡਾਊਨਲੋਡ, ਉੱਤਰ-ਸ਼ੀਟ ਸਕੈਨ ਕਰਕੇ ਈਮੇਲ ਰਾਹੀਂ ਭੇਜਣ ਲਈ 01.00 ਘੰਟਾ ਹੋਰ ਵਾਧੂ ਦਿੱਤਾ ਜਾਵੇਗਾ। ਇਸ ਤਰ੍ਹਾਂ ਆਨਲਾਈਨ ਵਿਦਿਆਰਥੀਆਂ ਨੂੰ ਸਾਰੀ ਪ੍ਰਕਿਰਿਆ ਲਈ ਕੁਲ 04.00 ਘੰਟੇ ਦਾ ਸਮਾਂ ਉਮੀਦਵਾਰ ਨੂੰ ਦਿੱਤਾ ਜਾਵੇਗਾ। ਨੇਤਰਹੀਣ/ਅੰਗਹੀਣ ਵਿਦਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਨਿਯਮਤ ਸਮੇਂ ਨਾਲੋ 40 ਮਿੰਟ ਵਾਧੂ ਸਮਾਂ ਦਿੱਤਾ ਜਾਵੇਗਾ। ਆਫਲਾਈਨ ਵਿਧੀ ਲਈ 03.00 ਘੰਟੇ ਤੋਂ ਵੱਧ ਸਮਾਂ ਨਹੀਂ ਦਿੱਤਾ ਜਾਵੇਗਾ।
9. ਦੋਨਾਂ ਵਿਧੀਆਂ (ਆਫ਼ਲਾਈਨ ਅਤੇ ਆਨਲਾਈਨ) ਪ੍ਰਸ਼ਨ-ਪੱਤਰਾਂ ਤੇ ਦਿੱਤੀਆਂ ਹਦਾਇਤਾਂ ਅਨੁਸਾਰ ਹੀ ਪੇਪਰ ਹਲ ਕਰਨਾ ਹੋਵੇਗਾ।
10. ਆਨਲਾਈਨ ਲਈ 24 ਪੇਜਾਂ ਤੱਕ Answer Sheet ਦੀ ਸੀਮਾ ਰਹੇਗੀ ਅਤੇ ਆਫਲਾਈਨ ਰਾਹੀਂ 36 ਪੇਜਾਂ ਦੀ Answer Sheet ਵਰਤੀ ਜਾ ਸਕੇਗੀ।
11. ਉੱਤਰ-ਕਾਪੀਆਂ ਦਸਤੀ ਪ੍ਰਾਪਤ ਕਰਨ ਸਬੰਧੀ ਸਬੰਧਿਤ ਵਿਭਾਗ ਪਹਿਲਾਂ ਦੀ ਤਰ੍ਹਾਂ ਕੰਡਕਟ ਬ੍ਰਾਂਚ ਨਾਲ ਰਾਬਤਾ ਕਰਨ।

ਇਸ ਸਬੰਧੀ ਵਿਦਿਆਰਥੀ ਯੂਨੀਵਰਸਿਟੀ ਦੀ ਵੈਬਸਾਈਟ ਸਮੇਂ-ਸਮੇਂ ਸਿਰ ਚੈੱਕ ਕਰਦੇ ਰਹਿਣ।

G Singh 25/3/22
**ਕੰਟਰੋਲਰ (ਪ੍ਰੀਖਿਆਵਾਂ)**

Scanned with CamScan